# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 02-04-2025**

ਸਰਕਾਰ ਅੱਜ ਲੋਕ ਸਭਾ ਵਿੱਚ ਵਕਫ਼ (ਸੋਧ) ਬਿੱਲ, 2025 ਪੇਸ਼ ਕੀਤਾ ਗਿਆ ਏ ।ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਏ ਕਿ ਵਕਫ਼ ਸੋਧ ਬਿੱਲ ਦੇਸ਼ ਦੇ ਹਿੱਤ ਵਿੱਚ ਏ। ਉਨ੍ਹਾਂ ਕਿਹਾ ਕਿ ਕਰੋੜਾਂ ਮੁਸਲਮਾਨ ਹੀ ਨਹੀਂ ਸਗੋਂ ਪੂਰਾ ਦੇਸ਼ ਇਸਦਾ ਸਮਰਥਨ ਕਰੇਗਾ। ਅੱਜ ਨਵੀਂ ਦਿੱਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਰਿਜੀਜੂ ਨੇ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ ਜੋ ਬਿੱਲ ਦਾ ਵਿਰੋਧ ਕਰ ਰਹੇ ਨੇ ਅਤੇ ਕਿਹਾ ਕਿ ਉਹ ਇਹ ਰਾਜਨੀਤਿਕ ਕਾਰਨਾਂ ਕਰਕੇ ਕਰ ਰਹੇ ਨੇ। --ਇਸ ਬਿੱਲ ਬਾਰੇ ਪੇਸ਼ ਏ ਇਕ ਰਿਪੋਰਟ

---

ਕਰਮਚਾਰੀ ਭਵਿੱਖ ਨਿਧੀ ਸੰਗਠਨ EPFO ਨੇ 15 ਹੋਰ ਬੈਂਕਾਂ ਨੂੰ ਬਹੁ ਬੈਂਕਿੰਗ ਕੇਂਦੀਕ੍ਰਿਤ ਸੰਗ੍ਰਹਿ ਪ੍ਰਣਾਲੀ ਵਿੱਚ ਸ਼ਾਮਲ ਕੀਤਾ ਏ । ਇਸ ਨਾਲ ਪੈਨਲ ਵਿੱਚ ਜਨਤਕ ਅਤੇ ਨਿੱਜੀ ਖੇਤਰ ਦੇ ਬੈਂਕਾਂ ਦੀ ਗਿਣਤੀ 32 ਹੋ ਗਈ ਏ । ਕੱਲ੍ਹ ਨਵੀਂ ਦਿੱਲੀ ਵਿੱਚ ਸਮਝੌਤੇ 'ਤੇ

ਹਸਤਾਖਰ ਕਰਨ ਮੌਕੇ ਕਿਰਤ ਅਤੇ ਰੋਜ਼ਗਾਰ ਮੰਤਰੀ ਡਾ. ਮਨਸੁਖ ਮਾਂਡਵੀਆ ਵੀ ਮੌਜੂਦ ਸਨ। ਸ਼੍ਰੀ ਮਾਂਡਵੀਯਾ ਨੇ ਕਿਹਾ ਕਿ ਈ.ਪੀ.ਐੱਫ.ਓ ਆਪਣੇ ਆਪ ਨੂੰ ਪਹੁੰਚਯੋਗ ਅਤੇ ਕੁਸ਼ਲ ਬੈਂਕ ਵਜੋਂ ਸਥਾਪਿਤ ਕਰਨ ਲਈ ਈ.ਪੀ.ਐੱਫ.ਓ 3.0 ਦੇ ਰੂਪ ਵਿੱਚ ਵਿਕਸਿਤ ਕਰ ਰਿਹਾ ਏ । ਦੇਸ਼ ਵਿੱਚ ਈ.ਪੀ.ਐੱਫ.ਓ ਦੇ ਅੱਠ ਕਰੋੜ ਤੋਂ ਵੱਧ ਮੈਂਬਰ ਅਤੇ 78 ਲੱਖ ਤੋਂ ਵੱਧ ਪੈਨਸ਼ਨਰ ਨੇ । ਨਵੇਂ ਸ਼ਾਮਲ ਕੀਤੇ ਗਏ 15 ਬੈਂਕ ਸਾਲਾਨਾ ਲਗਭਗ 12 ਹਜ਼ਾਰ ਕਰੋੜ ਰੁਪਏ ਦੀ ਸਿੱਧੀ ਅਦਾਇਗੀ ਕਰ ਕਰਨਗੇ ਅਤੇ ਕਰਮਚਾਰੀ ਇਨ੍ਹਾਂ ਬੈਂਕਾਂ ਤੋਂ ਸਿੱਧਾ ਲੈਣ-ਦੇਣ ਕਰ ਸਕਣਗੇ।

---------------------------------------------------------------------

ਭਾਰਤ ਪਾਕਿਸਤਾਨ ਅਟਾਰੀ-ਵਾਘਾ ਸਰਹੱਦ ਤੇ ਸ਼ਾਮ ਵੇਲੇ ਕੌਮੀ ਝੰਡਾ ਉਤਾਰਨ ਦੀ ਰਸਮ ਰੀਟਰੀਟ ਸੈਰੇਮਨੀ ਅਤੇ ਜਲਿਆਂ ਵਾਲਾ ਬਾਗ ਸਮਾਰਕ ਦੇ ਖੋਲਣ ਅਤੇ ਬੰਦ ਹੋਣ ਦਾ ਸਮਾਂ ਤਬਦੀਲ ਕਰ ਦਿੱਤਾ ਗਿਆ ਏ ਸਰਹਦੀ ਬਲਾਂ ਵੱਲੋਂ ਭਾਰਤੀ ਸਮੇਂ ਅਨੁਸਾਰ ਰੀਟਰੀਟ ਸੈਰੇਮਨੀ ਸਾਢੇ 5 ਵਜੇ ਸ਼ੁਰੂ ਕੀਤੀ ਜਾਵੇਗੀ । ਮੌਸਮ ਦੀ ਤਬਦੀਲੀ ਦੇ ਮੱਦੇਨਜ਼ਰ ਦੋਨਾਂ ਮੁਲਕਾਂ ਦੇ ਸੁਰੱਖਿਆ ਬਲਾਂ ਵੱਲੋਂ ਸਾਂਝੇ ਤੌਰ ਤੇ ਇਹ ਫੈਸਲਾ ਲਿਆ ਗਿਆ । ਸੈਲਾਨੀਆਂ ਨੂੰ ਸਾਢੇ 4 ਵਜੇ ਤਕ ਪਹੁੰਚਣ ਦੀ ਕੀਤੀ ਅਪੀਲ ਕੀਤੀ ਗਈ ਏ । ਰਾਸ਼ਟਰੀ ਅਤੇ ਵਿਰਾਸਤੀ ਸਮਾਰਕ

ਜਲਿਆਂਵਾਲਾ ਬਾਗ ਹੁਣ ਆਮ ਨਾਗਰਿਕਾਂ ਲਈ ਸਵੇਰੇ ਸਾਢੇ 6 ਵਜੇ ਖੋਲਿਆ ਜਾਵੇਗਾ ਅਤੇ ਸ਼ਾਮ ਨੂੰ 7 ਵਜੇ ਬੰਦ ਕਰ ਦਿੱਤਾ ਜਾਵੇਗਾ। ਇਸ ਸਬੰਧ ਵਿੱਚ ਜਲਿਆਂਵਾਲਾ ਬਾਗ ਦੇ ਮੁੱਖ ਦਰਵਾਜ਼ੇ ਤੇ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਚ ਲਿਖੀਆਂ ਸੂਚਨਾ ਤਖਤੀਆਂ ਲਗਾ ਦਿੱਤੀਆਂ ਗਈਆਂ ਨੇ। ਸੁਰੱਖਿਆ ਅਧਿਕਾਰੀ ਰਣਜੀਤ ਸਿੰਘ ਅਨੁਸਾਰ ਬਾਗ ਵਿਖੇ ਸੈਂਟਰਲ ਸਮਾਰਕ ਤੇ ਪੰਜਾਬੀ ਵਿੱਚ ਦਿਖਾਇਆ ਜਾਣ ਵਾਲਾ ਲਾਈਟ ਐਂਡ ਸਾਊਂਡ ਸ਼ੋਅ ਹੁਣ ਸ਼ਾਮ 7 ਵਜੇ ਤੋਂ ਰਾਤ ਸਾਢੇ 7 ਵਜੇ ਤੱਕ ਦਿਖਾਇਆ ਜਾਵੇਗਾ।

---------------------------------------------------------------------------

ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਸਰਬ-ਸੰਮਤੀ ਨਾਲ 2 ਅਪ੍ਰੈਲ ਨੂੰ ਵਿਸ਼ਵ ਔਟਿਜ਼ਮ ਜਾਗਰੂਕਤਾ ਦਿਵਸ ਵਜੋਂ ਐਲਾਨਿਆਂ ਏ ਤਾਂ ਜੋ ਔਟਿਜ਼ਮ ਵਾਲੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇ । ਇਸੇ ਤਹਿਤ ਅੱਜ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਮੁਹਾਲੀ ਵਿਖੇ ਸੂਬੇ ਦੇ ਪਹਿਲੇ ਆਧੁਨਿਕ ਔਟਿਜ਼ਮ ਸੰਭਾਲ ਅਤੇ ਖੋਜ ਕੇਂਦਰ ਉਦਘਾਟਨ ਕੀਤਾ ਤੇ ਇਸ ਵਰ੍ਹੇ ਦੇ ਥੀਮ ਬਾਰੇ ਦਸਿਆ। ਓਹਨਾਂ ਨਾਲ ਸੈਂਟਰ ਦੀ ਇੰਚਾਰਜ ਤੇ ਮੋਹਾਲੀ ਮੈਡੀਕਲ ਕਾਲਜ ਦੀ ਪ੍ਰਿੰਸਪਲ ਡਾਇਰੈਕਟਰ ਡਾਕਟਰ ਭਵਨੀਤ ਭਾਰਤੀ ਤੇ ਸਿਹਤ ਮਹਿਕਮੇ ਦੇ ਉੱਚ ਅਧਿਕਾਰੀ ਵੀ ਹਾਜਰ ਸਨ। ਸਿਹਤ ਮੰਤਰੀ

ਨੇ ਸੈਂਟਰ ਦਾ ਦੌਰਾ ਕਰਕੇ ਔਟਿਜ਼ਮ ਵਾਲੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸੁਵਿਧਾਵਾਂ ਤੇ ਸਹੂਲਤਾਂ ਬਾਰੇ ਜਾਣਕਾਰੀ ਲਈ ਤੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨਾਲ ਗਲ ਬਾਤ ਵੀ ਕੀਤੀ। ਉਹਨਾਂ ਔਟਿਸਮ ਦੀ ਪੜ੍ਹਾਈ ਕਰਨ ਵਾਲੇ ਅਧਿਆਪਕਾਂ ਨਾਲ ਵੀ ਮੁਲਾਕਾਤ ਕਰਕੇ ਸਾਰੀ ਪ੍ਰਕਿਰਿਆ ਬਾਰੇ ਜਾਣਿਆ।ਮੰਤਰੀ ਨੇ ਔਟਜਿਮ ਨਾਲ ਪੀੜਿਤ ਬੱਚਿਆਂ ਪ੍ਰਤੀ ਸਮਾਜ ਦੇ ਰੱਵਈਏ ਤੇ ਅਫਸੋਸ ਜਹਿਰ ਕਰਦਿਆਂ ਕੁੱਝ ਮਨੇ-ਪ੍ਰਮਨੇ ਲੋਕਾਂ ਬਾਰੇ ਜਾਣਕਾਰੀ ਦਿੱਤੀ ਜੋ ਮਾਤਾ ਪਿਤਾ ਦੀ ਕੋਸ਼ਿਸ਼ ਸਦਕਾ ਨੋਬਲ ਪੁਰਸਕਾਰ ਤਕ ਪਹੁੰਚੇ ।

---

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ 32ਵੇਂ ਦਿਨ ਪੰਜਾਬ ਪੁਲਿਸ ਨੇ ਸੂਬੇ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ 'ਤੇ ਤਲਾਸ਼ੀ ਮੁਹਿੰਮ ਚਲਾਈ । ਇਹ ਕਾਰਵਾਈ ਪੰਜਾਬ ਪੁਲਿਸ ਮੁਖੀ ਡੀਜੀਪੀ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿਚ ਕੀਤੀ ਗਈ। ਇਸ ਸੂਬਾ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਵਿਸ਼ੇਸ਼ DGP ਅਰਪਿਤ ਸ਼ੁਕਲਾ ਨੇ ਕਿਹਾ ਕਿ ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਭਾਰੀ ਪੁਲਿਸ ਬਲ ਤਾਇਨਾਤ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਏ। ਉਨ੍ਹਾਂ ਕਿਹਾ ਕਿ ਸੂਬੇ ਦੇ ਲਗਭਗ 147 ਰੇਲਵੇ ਸਟੇਸ਼ਨਾਂ 'ਤੇ ਕੀਤੇ ਗਏ ਆਪ੍ਰੇਸ਼ਨ ਦੌਰਾਨ ਲਗਭਗ 1925 ਲੋਕਾਂ

ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਕਾਰਵਾਈ ਦੌਰਾਨ ਛੇ ਸ਼ੱਕੀ ਵਿਅਕਤੀਆਂ ਨੂੰ ਵੀ ਪੁੱਛਗਿੱਛ ਲਈ ਘੇਰਿਆ ਗਿਆ ।

---------------------------------------------------------------------------

ਕਪੂਰਥਲਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਸੁਭਾਨਪੁਰ ਥਾਣੇ ਅਧੀਨ ਆਉਂਦੇ ਪਿੰਡ ਬੂਟ ਵਿਚ ਵੱਡੀ ਕਾਰਵਾਈ ਕਰਦਿਆਂ ਨਸ਼ਾ ਤਸਕਰਾਂ ਵੱਲੋਂ ਪੰਚਾਇਤੀ ਜ਼ਮੀਨ 'ਤੇ ਕੀਤੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹ ਦਿੱਤਾ ਏ । ਇਨ੍ਹਾਂ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਵਿਰੁੱਧ ਐਨਡੀਪੀਐਸ ਐਕਟ ਤਹਿਤ ਵੱਖ-ਵੱਖ ਥਾਣਿਆਂ ਵਿਚ 34 ਮਾਮਲੇ ਦਰਜ ਨੇ । ਇਸ ਬਾਰੇ ਐਸਐਸਪੀ ਗੌਰਵ ਤੂਰਾ ਨੇ ਕਿਹਾ ਕਿ ਪਿੰਡ ਬੂਟ ਵਿੱਚ ਪੰਚਾਇਤੀ ਜ਼ਮੀਨ 'ਤੇ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹ ਦਿੱਤਾ ਏ

---------------------------------------------------------------------------

ਫਿਰੋਜ਼ਪੁਰ ਕਾਊਂਟਰ ਇੰਟੈਲੀਜੈਂਸ (ਸੀਆਈ) ਨੇ ਇਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਸਾਢੇ 3 ਕਿਲੋ ਹੈਰੋਇਨ ਬਰਾਮਦ ਕੀਤੀ ਏ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸੁਖਦੇਵ ਸਿੰਘ ਉਰਫ਼ ਸੁੱਖੀ ਵਜੋਂ ਹੋਈ ਹੈ, ਜੋ ਕਿ ਫਿਰੋਜ਼ਪੁਰ ਦੇ ਮੋਹਨ ਕੇ

ਉੱਤਰ ਦਾ ਰਹਿਣ ਵਾਲਾ ਏ । ਇਸ ਬਾਰੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਏ  ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਨਾਲ ਸਿੱਧਾ ਸੰਪਰਕ ਵਿਚ ਸੀ, ਜੋ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਛੱਡਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਅੱਗੇ ਤੇ ਪਿੱਛੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਏ ।